ਪੰਜਾਬ ਸਰਕਾਰ
ਸਿਹਤ ਤੇ ਪਰਿਵਾਰ ਭਲਾਈ ਵਿਭਾਗ
(ਸਿਹਤ 6 ਸ਼ਾਖਾ)

ਸੇਵਾ ਵਿਖੇ

(1) ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ, ਪੰਜਾਬ, ਚੰਡੀਗੜ੍ਹ।

(2) ਡਾਇਰੈਕਟਰ ਸਿਹਤ ਸੇਵਾਵਾਂ (ਸਮਾਜਕ ਬੀਮਾ) ਪੰਜਾਬ, ਚੰਡੀਗੜ੍ਹ।

ਯਾਦ ਪੱਤਰ ਨੰ: 9/23/2008-4ਸਿਹਤ6/7719
ਮਿਤੀ ਚੰਡੀਗੜ੍ਹ 22 ਦਸੰਬਰ, 2010

ਵਿਸ਼ਾ - ਸਿਹਤ ਤੇ ਪਰਿਵਾਰ ਭਲਾਈ ਵਿਭਾਗ ਅਤੇ ਸਿਹਤ ਸੇਵਾਵਾਂ (ਸਮਾਜਕ ਬੀਮਾ) ਅਧੀਨ ਨਵੀਆਂ ਪੋਸਟਾਂ ਦੀ ਰਚਨਾ/ਰੀਵਾਈਵਲ ਅਤੇ ਭਰਨ ਸਬੰਧੀ।

....

ਉਪਰੋਕਤ ਵਿਸ਼ੇ ਤੇ ਸਰਕਾਰ ਦੇ ਪਿਠ ਅੰਕਣ ਨੰ: 1/1/2010-4ਸਿ4/7337, ਮਿਤੀ 9 ਦਸੰਬਰ, 2010 ਦੇ ਹਵਾਲੇ ਵਿੱਚ।

2 ਪੰਜਾਬ ਦੇ ਰਾਜਪਾਲ ਪ੍ਰਸੰਨਤਾ ਪੂਰਵਕ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਅਤੇ ਸਿਹਤ ਸੇਵਾਵਾਂ (ਸਮਾਜਕ ਬੀਮਾ) ਅਧੀਨ ਹੇਠ ਲਿਖੀਆਂ ਪੋਸਟਾਂ ਦੀ ਰਚਨਾ/ਰੀਵਾਈਵਲ ਕਰਨ ਅਤੇ ਭਰਨ ਦੀ ਪਰਵਾਨਗੀ ਦਿੰਦੇ ਹਨ -

| ਸਬ ਪੈਰ੍ਹਾ ਨੰਬਰ | ਵਿੰਗ / ਸਕੀਮ ਦਾ ਨਾਂ | ਨਵੀਆਂ ਰਚੀਆਂ ਪੋਸਟਾਂ | ਰੀਵਾਈਵ ਕੀਤੀਆਂ ਪੋਸਟਾਂ |
|---|---|---|---|
| | | | |
| (1) | ਨਵੇਂ ਜ਼ਿਲਿਆਂ ਵਿੱਚ ਸਿਵਲ ਸਰਜਨ ਦਫਤਰਾਂ ਲਈ ਪੋਸਟਾਂ | 87 | - |
| (2) | ਨਵੇਂ ਇਕਯੂਪਮੈਂਟ ਅਤੇ ਸੈਂਟਰਾਂ ਲਈ ਪੋਸਟਾਂ | 488 | - |
| (3) | ਸੰਸਥਾਵਾਂ ਵਿੱਚ ਲਬਾਰਟਰੀ ਟੈਕਨੀਸ਼ੀਅਨ ਗਰੇਡ 2 ਅਤੇ ਰੇਡੀਓਗਰਾਫਰਾਂ ਦੀਆਂ ਪੋਸਟਾਂ | - | 174 |
| (4) | ਫੂਡ ਇਨਸਪੈਕਟਰਾਂ ਦੀਆਂ ਪੋਸ਼ਟਾਂ | 27 | - |
| (5) | ਈ.ਐਸ.ਆਈ ਵਿੰਗ ਵਿੱਚ ਆਯੂਸ਼ ਵਿੰਗਾਂ ਦੀ ਸਥਾਪਨਾ | 54 | - |
| (6) | ਈ.ਐਸ.ਆਈ. ਸੰਸਥਾਵਾਂ ਵਿੱਚ ਪੈਰਾ-ਮੈਡੀਕਲ ਦੀਆਂ ਪੋਸਟਾਂ | - | 68 |
| (7) | ਈ.ਐਸ.ਆਈ. ਸੰਸਥਾਵਾਂ ਵਿੱਚ ਡਾਕਟਰਾਂ ਦੀਆਂ ਪੋਸਟਾਂ | - | 94 |
| ਜੋੜ | | 656 | 336 |

3. ਮਨਜ਼ੂਰ ਕੀਤੀਆਂ ਅਤੇ ਰੀਵਾਈਵ ਕੀਤੀਆਂ ਪੋਸਟਾਂ ਦਾ ਵੇਰਵਾ ਹੇਠ ਲਿਖੇ ਸਬ ਪੈਰ੍ਹਿਆਂ ਵਿੱਚ ਦਿੱਤਾ ਜਾਂਦਾ ਹੈ -

(1) <u>ਨਵੇਂ ਜ਼ਿਲਿਆਂ ਵਿੱਚ ਸਿਵਲ ਸਰਜਨ ਦਫਤਰਾਂ ਲਈ ਪੋਸਟਾਂ ਦੀ ਰਚਨਾ</u>

| ਲੜੀ ਨੰ: | ਆਸਾਮੀ ਦਾ ਨਾਂ (ਭਰਤੀ ਦੀ ਵਿਧੀ) | ਤਨਖਾਹ ਸਕੇਲ | ਜ਼ਿਲਿਆਂ ਦੇ ਨਾਂ, ਜਿਥੇ ਪੋਸਟਾਂ ਮਨਜ਼ੂਰ ਕੀਤੀਆਂ ਗਈਆਂ | | | | | | | | ਕੁੱਲ ਜੋੜ |
|---|---|---|---|---|---|---|---|---|---|---|---|
| | | | ਫਤਿਹਗੜ੍ਹ ਸਾਹਿਬ | ਮਾਨਸਾ | ਮੋਗਾ | ਮੁਕਤਸਰ | ਸ਼ਹੀਦ ਭਗਤ ਸਿੰਘ ਨਗਰ | ਸਾਹਿਬਜ਼ਾਦਾ ਅਜੀਤ ਸਿੰਘ ਨਗਰ | ਬਰਨਾਲਾ | ਤਰਨ ਤਾਰਨ | |
| 1 | ਜ਼ਿਲਾ ਇਮੂਨਾਈਜੇਸ਼ਨ ਅਫਸਰ (ਪਦਉਨਤੀ ਰਾਹੀਂ) | 15600-39100 ਜਮ੍ਹਾ ਗਰੇਡ ਪੇਅ 6600 ਰੁ: ਜਮ੍ਹਾ ਐਨ.ਪੀ.ਏ. | 1 | 1 | 1 | 1 | 1 | - | - | - | 5 |
| 2 | ਜ਼ਿਲਾ ਡੈਂਟਲ ਹੈਲਥ ਅਫਸਰ (ਪਦਉਨਤੀ ਰਾਹੀਂ) | - ਓਹੀ- | - | - | 1 | 1 | 1 | - | - | - | 3 |
| 3 | ਡਿਪਟੀ ਮੈਡੀਕਲ ਕਮਿਸ਼ਨਰ (ਪਦਉਨਤੀ ਰਾਹੀਂ) | - ਓਹੀ- | 1 | 1 | 1 | 1 | 1 | - | - | - | 5 |
| 4 | ਮੈਡੀਕਲ ਅਫਸਰ (ਜ਼ਿਲਾ ਟੀ.ਬੀ. ਅਫਸਰ) (ਸਿੱਧੀ ਭਰਤੀ) | 15600-39100 ਜਮ੍ਹਾ ਗਰੇਡ ਪੇਅ 5400 ਰੁ: ਜਮ੍ਹਾ ਐਨ.ਪੀ.ਏ. | 1 | 1 | 1 | 1 | 1 | 1 | 1 | 1 | 8 |
| 5 | ਜ਼ਿਲਾ ਮਾਸ ਮੀਡੀਆ ਤੇ ਇਨਫਰਮੇਸ਼ਨ ਅਫਸਰ (ਪਦਉਨਤੀ ਰਾਹੀਂ) | 10300-34800 ਜਮ੍ਹਾ ਗਰੇਡ ਪੇਅ 5000 ਰੁ. | - | - | 1 | 1 | 1 | 1 | 1 | 1 | 6 |
| 6 | ਪਬਲਿਕ ਹੈਲਥ ਨਰਸ (ਪਦਉਨਤੀ ਰਾਹੀਂ) | 10300-34800 ਜਮ੍ਹਾ ਗਰੇਡ ਪੇਅ 3200 ਰੁ. | 1 | 1 | 1 | 1 | 1 | 1 | 1 | 1 | 8 |
| 7 | ਸੁਪਰਡੰਟ ਸਟੇਟਿਸਟਕਸ (ਪਦਉਨਤੀ ਰਾਹੀਂ) | 10300-34800 ਜਮ੍ਹਾ ਗਰੇਡ ਪੇਅ 3800 ਰੁ. | 1 | 1 | 1 | 1 | 1 | 1 | 1 | 1 | 8 |
| 8 | ਸਟੈਨੋਟਾਈਪਿਸਟ (ਸਿੱਧੀ ਭਰਤੀ) | 5910-20200 ਜਮ੍ਹਾ ਗਰੇਡ ਪੇਅ 2000 ਰੁ. | 1 | 1 | 1 | 1 | 1 | 1 | 1 | 1 | 8 |
| 9 | ਕਲਰਕ/ਕੰਪਯੂਟਰ ਸਹਾਇਕ (ਕੰਟਰੈਕਟ) | - ਓਹੀ- | - | - | 5 | 5 | 5 | 5 | 5 | 5 | 30 |
| 10 | ਸਟੈਟਿਸਟੀਕਲ ਕਲਰਕ (ਕੰਟਰੈਕਟ) | - ਓਹੀ- | 1 | 1 | 1 | 1 | 1 | 1 | - | - | 6 |
| | ਜੋੜ | | 7 | 7 | 14 | 14 | 14 | 11 | 10 | 10 | 87 |

(2) <u>ਨਵੇਂ ਇਕਯੂਪਮੈਂਟ ਅਤੇ ਸੈਂਟਰਾਂ ਲਈ ਪੋਸਟਾਂ ਦੀ ਰਚਨਾ</u>

| ਲੜੀ ਨੰ: | ਕੇਟਾਗਰੀ (ਭਰਤੀ ਦੀ ਵਿਧੀ) | ਤਨਖਾਹ ਸਕੇਲ | ਮਨਜ਼ੂਰ ਕੀਤੀਆਂ ਪੋਸਟਾਂ | ਰਿਮਾਰਕਸ |
|---|---|---|---|---|
| 1 | ਈ.ਸੀ.ਜੀ. ਟੈਕਨੀਸ਼ੀਅਨ (ਕੰਟਰੈਕਟ) | 5910-20200 ਜਮ੍ਹਾ ਗਰੇਡ ਪੇਅ 2000 ਰੁਪਏ | 44 | 400 ਬੈਡ ਹਸਪਤਾਲ - 4<br>200 ਬੈਡ ਹਸਪਤਾਲ - 3<br>100 ਬੈਡ ਹਸਪਤਾਲ - 2<br>50 ਬੈਡ ਹਸਪਤਾਲ ਤੇ ਹੋਰ - 1 |
| 2 | ਡਾਇਲੇਸਿਜ਼ ਟੈਕਨੀਸ਼ੀਅਨ (ਕੰਟਰੈਕਟ) | 10300-34800 ਜਮ੍ਹਾ ਗਰੇਡ ਪੇਅ 3200 ਰੁਪਏ | 44 | ਨਵੀਆਂ ਲਈਆਂ ਡਾਇਲੇਸਿਜ਼ ਮਸ਼ੀਨਾਂ ਚਲਾਉਣ ਲਈ, ਜਿਹੜੀਆਂ ਜ਼ਿਲਾ ਹਸਪਤਾਲਾਂ ਅਤੇ ਕੁਝ ਵੱਡੇ ਹਸਪਤਾਲਾਂ ਵਿੱਚ ਲਗਾਈਆਂ ਹਨ |
| 3 | ਫਿਜ਼ਿਓਥਰੈਪਿਸਟ (ਕੰਟਰੈਕਟ) | - ਓਹੀ - | 50 (25 ਪੁਰਸ਼ ਅਤੇ 25 ਇਸਤਰੀ) | 400 ਬੈਡ ਹਸਪਤਾਲ - 4<br>200 ਬੈਡ ਹਸਪਤਾਲ - 3<br>100 ਬੈਡ ਹਸਪਤਾਲ - 2<br>50 ਬੈਡ ਹਸਪਤਾਲ ਤੇ ਹੋਰ - 1 |
| | ਟਰੌਮਾਂ ਸੈਂਟਰਾਂ ਲਈ ਸਟਾਫ | | | |
| 4 | ਮੈਡੀਕਲ ਅਫਸਰ ਸਰਜਰੀ (ਸਿੱਧੀ ਭਰਤੀ) | 15600-39100 ਜਮ੍ਹਾ ਗਰੇਡ ਪੇਅ 5400 ਰੁਪਏ ਜਮ੍ਹਾ ਐਨ.ਪੀ.ਏ. | 12 | 4 ਟਰੌਮਾ ਸੈਂਟਰਾਂ (ਪਠਾਨਕੋਟ, ਜਲੰਧਰ, ਖੰਨਾ ਅਤੇ ਅੰਮ੍ਰਿਤਸਰ) ਲਈ, ਜਿਨ੍ਹਾਂ ਵਿੱਚੋਂ 3 ਟਰੌਮਾਂ ਸੈਂਟਰਾਂ (ਪਠਾਨਕੋਟ, ਜਲੰਧਰ ਅਤੇ ਖੰਨਾ) ਲਈ ਭਾਰਤ ਸਰਕਾਰ ਨਾਲ ਹੋਏ ਐਗਰੀਮੈਂਟ ਮੁਤਾਬਕ 31.3.2012 ਤੱਕ ਪੂਰਾ ਖਰਚਾ ਮਿਲੇਗਾ |
| 5 | ਮੈਡੀਕਲ ਅਫਸਰ ਆਰਥੋ (ਸਿੱਧੀ ਭਰਤੀ) | -ਓਹੀ- | 12 | |
| 6 | ਮੈਡੀਕਲ ਅਫਸਰ ਅਨੈਸਥੀਸੀਆ (ਸਿੱਧੀ ਭਰਤੀ) | -ਓਹੀ- | 12 | |
| 7 | ਕੈਜ਼ੂਅਲਟੀ ਮੈਡੀਕਲ ਅਫਸਰ (ਸਿੱਧੀ ਭਰਤੀ) | -ਓਹੀ- | 20 | |
| 8 | ਸਟਾਫ ਨਰਸ (ਕੰਟਰੈਕਟ) | 10300-34800 ਜਮ੍ਹਾ ਗਰੇਡ ਪੇਅ 3200 ਰੁਪਏ | 15 | |
| 9 | ਲਬਾਰਟਰੀ ਟੈਕਨੀਸ਼ੀਅਨ ਗਰੇਡ 2(ਕੰਟਰੈਕਟ) | 5910-20200 ਜਮ੍ਹਾ ਗਰੇਡ ਪੇਅ 2000 ਰੁਪਏ | 8 | |
| 10 | ਰੇਡੀਓਗ੍ਰਾਫਰ (ਕੰਟਰੈਕਟ) | 5910-20200 ਜਮ੍ਹਾ ਗਰੇਡ ਪੇਅ 2000 ਰੁਪਏ | 16 | |
| 11 | ਓਪਰੇਸ਼ਨ ਥਿਏਟਰ ਸਹਾਇਕ (ਕੰਟਰੈਕਟ) | 5910-20200 ਜਮ੍ਹਾ ਗਰੇਡ ਪੇਅ 2000 ਰੁਪਏ | 20 | |
| 12 | ਵਾਰਡ ਅਟੈਂਡੈਂਟ (ਸਰਪਲਸ ਕਰਮਚਾਰੀਆਂ ਦੀ ਅਡਜਸਟਮੈਂਟ) | 4900-10680 ਜਮ੍ਹਾ ਗਰੇਡ ਪੇਅ 1300 ਰੁਪਏ | 55 | ਇਹ ਵਿਭਾਗ ਕੋਲ ਸਰਪਲਸ ਗਰੁੱਪ ਡੀ ਕਰਮਚਾਰੀਆਂ ਵਿੱਚੋਂ ਹੀ ਭਰੇ ਜਾਣਗੇ ਅਤੇ ਕੋਈ ਨਵੀਂ ਭਰਤੀ ਨਹੀਂ ਕੀਤੀ ਜਾਵੇਗੀ। |
| | ਬਲੱਡ ਬੈਂਕਾਂ ਲਈ ਸਟਾਫ | | | |
| 13 | ਟੈਕਨੀਕਲ ਸੁਪਰਵਾਈਜ਼ਰ (ਕੰਟਰੈਕਟ) | 10300-34800 ਜਮ੍ਹਾ ਗਰੇਡ ਪੇਅ 3200 ਰੁਪਏ | 40 | ਬਲੱਡ ਬੈਂਕਾਂ ਲਈ |
| 14 | ਲਬਾਰਟਰੀ ਟੈਕਨੀਸ਼ੀਅਨ ਗਰੇਡ 2 (ਕੰਟਰੈਕਟ) | 5910-20200 ਜਮ੍ਹਾ ਗਰੇਡ ਪੇਅ 2000 ਰੁਪਏ | 40 | ਬਲੱਡ ਬੈਂਕਾਂ ਲਈ |
| | ਜੋੜ | | 488 | |

(3) ਲਬਾਰਟਰੀ ਟੈਕਨੀਸ਼ੀਅਨ ਗਰੇਡ 2 ਅਤੇ ਰੇਡੀਓਗ੍ਰਾਫਰ ਦੀਆਂ ਪੋਸਟਾਂ ਦੀ ਰੀਵਾਈਵਲ

| ਲੜੀ ਨੰ: | ਆਸਾਮੀ ਦਾ ਨਾਂ | ਮਨਜ਼ੂਰ ਪੋਸਟਾਂ | ਭਰੀਆ ਪੋਸਟਾਂ | ਰੀਵਾਈਵ ਕੀਤੀਆਂ ਪੋਸਟਾਂ | ਤਨਖਾਹ ਸਕੇਲ | ਭਰਤੀ ਦੀ ਵਿਧੀ |
|---|---|---|---|---|---|---|
| 1 | ਲਬਾਰਟਰੀ ਟੈਕਨੀਸ਼ੀਅਨ ਗਰੇਡ 2 | 445 | 307 | 119 | 5800-20200 ਜਮ੍ਹਾ ਗਰੇਡ ਪੇਅ 2000 ਰੁਪਏ | ਕੇਵਲ 119 ਪੋਸਟਾਂ ਵਨ ਟਾਈਮ ਰਿਲੈਕਸੇਸ਼ਨ ਦੇ ਕੇ ਗਰੁੱਪ ਡੀ ਕਰਮਚਾਰੀਆਂ ਵਿੱਚੋਂ, ਜੋ ਸ਼ਰਤਾਂ ਪੂਰੀਆਂ ਕਰਦੇ ਹਨ, ਭਰੀਆਂ ਜਾਣ |
| 2 | ਰੇਡੀਓਗ੍ਰਾਫਰ | 234 | 179 | 55 | 10300-14800 ਜਮ੍ਹਾ ਗਰੇਡ ਪੇਅ 4200 ਰੁਪਏ | 55 ਪੋਸਟਾਂ ਕੰਟਰੈਕਟ ਆਧਾਰ ਤੇ ਭਰੀਆਂ ਜਾਣ |
| | ਜੋੜ | 679 | 486 | 193 | | |

(4) ਫੂਡ ਇਨਸਪੈਕਟਰਾਂ ਦੀਆਂ ਪੋਸਟਾਂ ਦੀ ਰਚਨਾ

| ਲੜੀ ਨੰ: | ਪੋਸਟ ਦਾ ਨਾਂ | ਕੁੱਲ ਗਿਣਤੀ | ਤਨਖਾਹ ਸਕੇਲ | ਭਰਤੀ ਦੀ ਵਿਧੀ | ਸ਼ਰਤਾਂ |
|---|---|---|---|---|---|
| 1 | ਫੂਡ ਇਨਸਪੈਕਟਰ | 27 | 5910-20200 ਜਮ੍ਹਾ ਗਰੇਡ ਪੇਅ 3000 ਰੁਪਏ | ਸਿੱਧੀ ਭਰਤੀ | ਇਨ੍ਹਾਂ ਆਸਾਮੀਆਂ ਨੂੰ ਭਰਨ ਲਈ ਉਚ ਯੋਗਤਾ ਰੱਖੀ ਜਾਵੇਗੀ, ਤਾਂ ਜੋ ਚੰਗੇ ਉਮੀਦਵਾਰ ਚੁਣੇ ਜਾਣ। ਇਸ ਤੋਂ ਇਲਾਵਾ ਇਹ ਵੀ ਫੈਸਲਾ ਕੀਤਾ ਗਿਆ ਕਿ ਫੂਡ ਇਨਸਪੈਕਟਰਾਂ ਅਤੇ ਜ਼ਿਲਾ ਹੈਲਥ ਅਫਸਰਾਂ ਦੇ ਕੰਮ ਦੀ ਮੌਨੀਟਰਿੰਗ ਜ਼ਿਲਾ ਪੱਧਰ ਤੇ ਡਿਪਟੀ ਕਮਿਸ਼ਨਰਾਂ ਰਾਹੀਂ ਕਰਨ ਲਈ ਕਾਰਵਾਈ ਕੀਤੀ ਜਾਵੇ। ਇਹ ਪੋਸਟਾਂ ਵਿਭਾਗ ਵਲੋਂ ਸਬ ਡਵੀਜ਼ਨ ਤੇ ਦੇਣ ਦੀ ਬਜਾਏ ਜ਼ਿਲਾ ਪੱਧਰ ਤੇ ਹੀ ਦਿੱਤੀਆਂ ਜਾਣੀਆਂ ਪਰਵਾਨ ਕੀਤੀਆਂ, ਪਰ ਵਿਭਾਗ ਲੋੜ ਅਨੁਸਾਰ ਇਨ੍ਹਾਂ ਦੀ ਗਿਣਤੀ ਜ਼ਿਲਾ-ਵਾਰ ਖੁਦ ਨਿਰਧਾਰਤ ਕਰ ਸਕੇਗਾ। |

(5) ਈ.ਐਸ.ਆਈ. ਸੰਸਥਾਵਾਂ ਵਿੱਚ ਆਯੁਸ਼ ਵਿੰਗਾਂ ਦੀ ਸਥਾਪਨਾ ਲਈ ਪੋਸਟਾਂ ਦੀ ਰਚਨਾ

| ਲੜੀ ਨੰ: | ਪੋਸਟ ਦਾ ਨਾਂ | ਕੁੱਲ ਗਿਣਤੀ | ਉਕਾ-ਪੁੱਕਾ ਰਕਮ ਪ੍ਰਤੀ ਮਹੀਨਾ (ਰੁਪਏ) | ਪੋਸਟਾਂ ਭਰਨ ਦੀ ਵਿਧੀ |
|---|---|---|---|---|
| 1 | ਆਯੁਰਵੇਦਿਕ ਮੈਡੀਕਲ ਅਫਸਰ (ਈ.ਐਸ.ਆਈ. ਹਸਪਤਾਲ, ਅੰਮ੍ਰਿਤਸਰ, ਜਲੰਧਰ, ਫਗਵਾੜਾ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਮੰਡੀ ਗੋਬਿੰਦਗੜ੍ਹ ਅਤੇ ਹੁਸ਼ਿਆਰਪੁਰ ਲਈ) | 6 | 20,000 | ਕੰਟਰੈਕਟ |
| 2 | ਪੰਚਕਰਮਾ ਆਯੁਰਵੇਦਿਕ ਫਿਜੀਸ਼ੀਅਨ (ਈ.ਐਸ.ਆਈ ਹਸਪਤਾਲ, ਅੰਮ੍ਰਿਤਸਰ ਅਤੇ ਜਲੰਧਰ ਲਈ) | 2 | 20,000 | ਕੰਟਰੈਕਟ |
| 3 | ਉਪ ਵੈਦ | 6 | 8,000 | ਕੰਟਰੈਕਟ |
| 4 | ਹੋਮਿਓਪੈਥਿਕ ਮੈਡੀਕਲ ਅਫਸਰ | 6 | 20,000 | ਕੰਟਰੈਕਟ |
| 5 | ਹੋਮਿਓਪੈਥਿਕ ਡਿਸਪੈਂਸਰ | 6 | 8,000 | ਕੰਟਰੈਕਟ |
| 6 | ਗਰੁੱਪ ਡੀ ਕਰਮਚਾਰੀ (6 ਈ.ਐਸ.ਆਈ. ਹਸਪਤਾਲਾਂ ਲਈ 2 - 2; ਅਤੇ 2 ਪੰਚਕਰਮਾ ਯੂਨਿਟਾਂ ਲਈ 1 - 1) | 14 | 5,000 | ਕੰਟਰੈਕਟ |
| 7 | ਕਲਰਕ/ਕੰਪਯੂਟਰ ਸਹਾਇਕ | 14 | 7,500 | ਕੰਟਰੈਕਟ |
| | ਜੋੜ | 54 | | |

(6) ਈ.ਐਸ.ਆਈ. ਸੰਸਥਾਵਾਂ ਵਿੱਚ ਪੈਰਾ-ਮੈਡੀਕਸ ਦੀਆਂ ਪੋਸਟਾਂ ਦੀ ਰੀਵਾਈਵਲ

| ਲੜੀ ਨੰ: | ਆਸਾਮੀ ਦਾ ਨਾਂ | ਮਨਜੂਰ ਪੋਸਟਾਂ | ਭਰੀਆ ਪੋਸਟਾਂ | ਰੀਵਾਈਵ ਕੀਤੀਆਂ ਪੋਸਟਾਂ | ਤਨਖਾਹ ਸਕੇਲ | ਉੱਕਾ-ਪੁੱਕਾ ਰਕਮ ਪ੍ਰਤੀ ਮਹੀਨਾ(ਰੁਪਏ) | ਭਰਨ ਦੀ ਵਿਧੀ |
|---|---|---|---|---|---|---|---|
| 1 | ਰੇਡੀਓਗ੍ਰਾਫਰ | 15 | 13 | 2 | 10300-34800 ਜਮ੍ਹਾਂ ਗਰੇਡ ਪੇਅ 3200 ਰੁ. | 8000 | ਕੰਟਰੈਕਟ |
| 2 | ਸਟਾਫ ਨਰਸ | 120 | 110 | 10 | -ਓਹੀ- | 7500 | ਕੰਟਰੈਕਟ |
| 3 | ਲਬਾਰਟਰੀ ਟੈਕਨੀਸ਼ੀਅਨ | 55 | 46 | 9 | 5910-20200 ਜਮ੍ਹਾ ਗਰੇਡ ਪੇਅ 2000 ਰੁ. | 8000 | ਕੰਟਰੈਕਟ |
| 4 | ਅਪਰੇਸ਼ਨ ਥੀਏਟਰ ਸਹਾਇਕ | 18 | 15 | 3 | -ਓਹੀ- | 8000 | ਕੰਟਰੈਕਟ |
| 5 | ਮਲਟੀਪਰਪਜ਼ ਹੈਲਥ ਵਰਕਰ (ਫੀਮੇਲ) | 112 | 80 | 32 | -ਓਹੀ- | 7000 | ਕੰਟਰੈਕਟ |
| 6 | ਈ.ਸੀ.ਜੀ. ਟੈਕਨੀਸ਼ੀਅਨ | 10 | 8 | 2 | -ਓਹੀ- | 8000 | ਕੰਟਰੈਕਟ |
| 7 | ਡੈਂਟਲ ਮਕੈਨਿਕ | 4 | 1 | 3 | -ਓਹੀ- | 8000 | ਕੰਟਰੈਕਟ |
| 8 | ਪਲਾਸਟਰ ਟੈਕਨੀਸ਼ੀਅਨ | 7 | - | 7 | -ਓਹੀ- | 8000 | ਕੰਟਰੈਕਟ |
| | ਜੋੜ | 341 | 273 | 68 | | | |

(7) ਈ.ਐਸ.ਆਈ. ਸੰਸਥਾਵਾਂ ਵਿੱਚ ਡਾਕਟਰਾਂ ਦੀਆਂ ਪੋਸਟਾਂ ਦੀ ਰੀਵਾਈਵਲ

| ਲੜੀ ਨੰ: | ਆਸਾਮੀ ਦਾ ਨਾਂ | ਮਨਜ਼ੂਰ ਪੋਸਟਾਂ | ਭਰੀਆ ਪੋਸਟਾਂ | ਰੀਵਾਈਵ ਕੀਤੀਆਂ ਪੋਸਟਾਂ | ਤਨਖਾਹ ਸਕੇਲ | ਉੱਕਾ-ਪੁੱਕਾ ਰਕਮ ਪ੍ਰਤੀ ਮਹੀਨਾ (ਰੁ.) | ਭਰਤੀ ਦੀ ਵਿਧੀ | |
|---|---|---|---|---|---|---|---|---|
| 1 | ਮੈਡੀਕਲ ਅਫਸਰ ਸੈਸ਼ਲਿਸਟ | 35 | 5 | 30 | 15600-39100 ਜਮ੍ਹਾ ਗਰੇਡ ਪੇਅ 5400 ਰੁ: ਜਮ੍ਹਾ 25% ਐਨ.ਪੀ.ਏ. | ਈ.ਐਸ.ਆਈ. ਕਾਰਪੋਰੇਸ਼ਨ ਵਲੋਂ ਨਿਸਚਿਤ (45000 ਰੁਪਏ ਲਗਭਗ) | ਕੰਟਰੈਕਟ | |
| 2 | ਮੈਡੀਕਲ ਅਫਸਰ | 173 | 109 | 64 | - ਓਹੀ- | ਈ.ਐਸ.ਆਈ. ਕਾਰਪੋਰੇਸ਼ਨ ਵਲੋਂ ਨਿਸਚਿਤ (38000 ਰੁਪਏ ਲਗਭਗ) | ਕੰਟਰੈਕਟ | |
| | ਜੋੜ | 208 | 114 | 94 | | | | |

3. ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਪੰਜਾਬ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਮਾਨਯੋਗ ਮੁੱਖ ਸਕੱਤਰ ਜੀ ਦੀ ਪ੍ਰਧਾਨਗੀ ਹੇਠ ਹੋਈ ਆਫੀਸਰ ਕਮੇਟੀ ਵਲੋਂ ਕੀਤੀਆਂ ਗਈਆਂ ਹੇਠ ਲਿਖੀਆਂ ਸਿਫਾਰਸ਼ਾਂ ਤੇ ਵਿਚਾਰ ਕਰਕੇ ਤਜਵੀਜ਼ਾਂ ਸਰਕਾਰ ਨੂੰ ਇੱਕ ਮਹੀਨੇ ਦੇ ਅੰਦਰ ਅੰਦਰ ਘੱਲੀਆਂ ਜਾਣ -

(ੳ) ਸਰਕਾਰੀ ਸਿਹਤ ਸੰਸਥਾਵਾਂ ਵਿੱਚ ਜਿਹੜੀਆਂ ਵੀ ਸੇਵਾਵਾਂ ਪਰਾਈਵੇਟ ਇਨਵੈਸਟਮੈਂਟ ਨਾਲ ਕਰਵਾਈਆਂ ਜਾ ਸਕਦੀਆਂ ਹਨ, ਇਨ੍ਹਾਂ ਦੀ ਪਛਾਣ ਕਰਕੇ ਵਿਸਥਾਰ ਪੂਰਵਕ ਤਜਵੀਜ਼ ਤਿਆਰ ਕੀਤੀ ਜਾਵੇ।

(ਅ) ਸਰਕਾਰੀ ਸਿਹਤ ਸੰਸਥਾਵਾਂ ਵਿੱਚ ਪਹਿਲਾਂ ਚਲਦੇ ਪੇਅ ਕਲੀਨਿਕ (pay clinics) ਦੀ ਤਰਜ਼ ਤੇ ਹੀ ਚਾਹਵਾਨ ਡਾਕਟਰਾਂ ਵਲੋਂ ਡਿਊਟੀ ਤੋਂ ਬਾਅਦ ਮਰੀਜ਼ਾਂ ਨੂੰ ਵੇਖਣ ਦੀ ਪ੍ਰਥਾ ਚਲਾਉਣ ਬਾਰੇ ਵੀ ਵਿਚਾਰ ਕੀਤਾ ਜਾਵੇ, ਜਿਸ ਨਾਲ ਉਨ੍ਹਾਂ ਦਾ ਐਨ.ਪੀ.ਏ.ਆਦਿ ਬੰਦ ਨਾ

ਕੀਤਾ ਜਾਵੇ, ਬਲਕਿ ਉਨ੍ਹਾਂ ਵਲੋਂ ਪੇਅ ਕਲੀਨਿਕ ਦੇ ਦੌਰਾਨ ਕੀਤੀ ਵਾਧੂ ਕਮਾਈ ਦਾ ਹਿੱਸਾ ਉਨ੍ਹਾਂ ਦੇ ਐਨ.ਪੀ.ਏ. ਵਿਰੁੱਧ ਅਡਜਸਟ ਕੀਤਾ ਜਾਵੇ; ਅਤੇ ਜੇਕਰ ਇਹ ਰਕਮ ਐਨ.ਪੀ.ਏ. ਤੋਂ ਵਧ ਜਾਵੇ, ਤਾਂ ਸਬੰਧਤ ਡਾਕਟਰਾਂ ਨੂੰ ਵਾਧੂ ਕਮਾਈ ਹੋ ਸਕੇਗੀ। ਅਜਿਹੀ ਵਿਵਸਥਾ ਕਰਨ ਸਮੇਂ ਪੈਰਾਮੈਡੀਕਸ ਨੂੰ ਵੀ ਯੋਗ ਲਾਭ ਹੋ ਸਕੇਗਾ।

4. ਉਕਤ ਮਨਜ਼ੂਰ/ਰੀਵਾਈਵ ਹੋਈਆਂ ਪੋਸਟਾਂ ਹੇਠ ਲਿਖੀ ਵਿਧੀ ਅਨੁਸਾਰ ਭਰੀਆਂ ਜਾਣਗੀਆਂ, ਜਿਹੜੀ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਵਿੱਚ ਪਹਿਲਾਂ ਹੀ ਅਪਣਾਈ ਜਾ ਰਹੀ ਹੈ -

(ੳ) ਮੈਡੀਕਲ ਅਫਸਰ ਅਤੇ ਸਟੈਨੋ-ਟਾਈਪਿਸਟ ਸਿੱਧੀ ਭਰਤੀ ਰਾਹੀਂ ਭਰੇ ਜਾਣਗੇ ਅਤੇ ਜਿਹੜੀਆਂ ਪੋਸਟਾਂ ਨਿਯਮਾਂ ਅਨੁਸਾਰ ਪਦ-ਉਨਤੀ ਰਾਹੀਂ ਭਰੀਆਂ ਜਾ ਸਕਦੀਆਂ ਹਨ, ਉਹ ਪਦਉਨਤੀ ਰਾਹੀਂ ਹੀ ਭਰੀਆਂ ਜਾਣਗੀਆਂ।

(ਅ) ਬਾਕੀ ਰਹਿੰਦੀਆਂ ਪੋਸਟਾਂ ਕੇਵਲ ਕੰਟਰੈਕਟ ਦੇ ਆਧਾਰ ਤੇ ਭਰੀਆਂ ਜਾਣਗੀਆਂ, ਜਿਸ ਲਈ ਵਿਭਾਗ ਵਿੱਚ ਪ੍ਰਚੱਲਤ ਨੀਤੀ ਹੀ ਅਪਣਾਈ ਜਾਵੇਗੀ। ਜੇਕਰ ਅਜਿਹੀ ਕੋਈ ਆਸਾਮੀ ਪਹਿਲਾਂ ਕੰਟਰੈਕਟ ਤੇ ਨਾ ਭਰੀ ਗਈ ਹੋਵੇ, ਤਾਂ ਇਸ ਨੂੰ ਕੰਟਰੈਕਟ ਤੇ ਭਰਨ ਲਈ ਪ੍ਰਬੰਧਕੀ ਵਿਭਾਗ ਵਲੋਂ ਯੋਗ ਫੈਸਲਾ ਕਰਕੇ ਕਾਰਵਾਈ ਕੀਤੀ ਜਾਵੇਗੀ।

(ੲ) ਸਿਹਤ ਸੇਵਾਵਾਂ (ਸਮਾਜਕ ਬੀਮਾ) ਲਈ ਮਨਜ਼ੂਰ/ਰੀਵਾਈਵ ਕੀਤੀਆਂ ਸਾਰੀਆਂ ਪੋਸਟਾਂ ਕੰਟਰੈਕਟ ਆਧਾਰ ਤੇ ਭਰੀਆਂ ਜਾਣਗੀਆਂ।

5. ਇਹ ਮਨਜ਼ੂਰੀ ਮੰਤਰੀ ਪ੍ਰੀਸ਼ਦ ਵਲੋਂ ਮਿਤੀ 13 ਦਸੰਬਰ, 2010 ਨੂੰ ਦਿੱਤੀ ਪ੍ਰਵਾਨਗੀ ਦੇ ਆਧਾਰ ਤੇ ਜਾਰੀ ਕੀਤੀ ਜਾ ਰਹੀ ਹੈ।

ਵਧੀਕ ਸਕੱਤਰ ਸਿਹਤ (ਬੀ)

ਪਿਠ ਅੰਕਣ ਨੰ: 9/23/2008-4ਸਿਹਤ6/7720 ਮਿਤੀ ਚੰਡੀਗੜ੍ਹ 22 ਦਸੰਬਰ, 2010

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਲਈ ਘੱਲਿਆ ਜਾਂਦਾ ਹੈ -

(1) ਆਮ ਰਾਜ ਪ੍ਰਬੰਧ ਵਿਭਾਗ, ਪੰਜਾਬ ਸਰਕਾਰ (ਮੰਤਰੀ ਮੰਡਲ ਮਾਮਲੇ ਸ਼ਾਖਾ), ਉਨ੍ਹਾਂ ਦੇ ਅੰ.ਵਿ. ਪੱਤਰ ਨੰ: 1/302/2010-1ਕੈਬਨਿਟ/5576, ਮਿਤੀ 15 ਦਸੰਬਰ, 2010 ਦੇ ਹਵਾਲੇ ਵਿੱਚ।
(2) ਵਿੱਤ ਵਿਭਾਗ ਪੰਜਾਬ ਸਰਕਾਰ (ਵਿੱਤ ਖਰਚਾ 2 ਸ਼ਾਖਾ), ਉਨ੍ਹਾਂ ਦੇ ਅੰ.ਵਿ.ਪੱਤਰ ਨੰ: 4/2/10-4ਵਿ.ਖ.2/3010, ਮਿਤੀ 18 ਨੰਵਬਰ, 2010 ਦੇ ਹਵਾਲੇ ਵਿੱਚ।
(3) ਮੈਨੇਜਿੰਗ ਡਾਇਰੈਕਟਰ, ਪੰਜਾਬ ਸਿਹਤ ਸਿਸਟਮਜ਼ ਕਾਰਪੋਰੇਸ਼ਨ, ਮੁਹਾਲੀ।
(4) ਮਿਸ਼ਨ ਡਾਇਰੈਕਟਰ, ਪੰਜਾਬ ਐਨ.ਆਰ.ਐਚ.ਐਮ., ਪ੍ਰਯਾਸ ਬਿਲਡਿੰਗ, ਸੈਕਟਰ 38, ਚੰਡੀਗੜ੍ਹ।
(5) ਡਾਇਰੈਕਟਰ, ਪਰਿਵਾਰ ਭਲਾਈ, ਪੰਜਾਬ, ਚੰਡੀਗੜ੍ਹ।
(6) ਡਾਇਰੈਕਟਰ, ਆਯੂਰਵੇਦਾ, ਪੰਜਾਬ, ਚੰਡੀਗੜ੍ਹ।
(7) ਵਿਭਾਗੀ ਮੁੱਖੀ, ਹੋਮਿਓਪੈਥੀ ਵਿਭਾਗ, ਪੰਜਾਬ, ਚੰਡੀਗੜ੍ਹ।
(8) ਪੰਜਾਬ ਦੇ ਸਮੂਹ ਡਿਪਟੀ ਕਮਿਸ਼ਨਰ।
(9) ਪੰਜਾਬ ਦੇ ਸਮੂਹ ਸਿਵਲ ਸਰਜਨ।
(10) ਮੈਡੀਕਲ ਸੁਪਰਡੰਟ, ਈ.ਐਸ.ਆਈ.ਹਸਪਤਾਲ, ਅੰਮ੍ਰਿਤਸਰ, ਜਲੰਧਰ, ਫਗਵਾੜਾ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਮੰਡੀ ਗੋਬਿੰਦਗੜ੍ਹ ਅਤੇ ਹੁਸ਼ਿਆਰਪੁਰ।
(11) ਡਾਇਰੈਕਟਰ, ਸੂਚਨਾ ਤੇ ਲੋਕ ਸੰਪਰਕ ਵਿਭਾਗ, ਪੰਜਾਬ, ਚੰਡੀਗੜ੍ਹ।

ਵਧੀਕ ਸਕੱਤਰ ਸਿਹਤ (ਬੀ)

****